ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ-1 ਸ਼ਾਖਾ)

## ਨੋਟੀਫਿਕੇਸ਼ਨ

ਮਿਤੀ: 18/2/2014

ਨੰ: 10/7/2014/6ਮਉ1/163308/1 ਮਾਨਯੋਗ ਪੰਜਾਬ ਅਤੇ ਹਰਿਆਣਾ ਉੱਚ-ਅਦਾਲਤ ਵੱਲੋਂ ਸਿਵਲ ਰਿਟ ਪਟੀਸ਼ਨ ਨੰ: 21263 ਆਫ 2011 (ਮਹਿੰਦਰ ਸਿੰਘ ਬਨਾਮ ਸਟੇਟ ਆਫ ਪੰਜਾਬ) ਅਤੇ connected matters ਵਿਚ ਹੁਕਮ ਮਿਤੀ 31-7-2013 ਰਾਹੀਂ ਅਤੇ ਇਸੇ ਤਰਾਂ ਸਿਵਲ ਰਿਟ ਪਟੀਸ਼ਨ ਨੰ: 22649 ਆਫ 2011 (ਇੰਦਰਜੀਤ ਸਿੰਘ ਬਨਾਮ ਸਟੇਟ ਆਫ ਪੰਜਾਬ) ਅਤੇ connected matter ਵਿਚ ਹੁਕਮ ਮਿਤੀ 6-8-2013 ਰਾਹੀਂ ਦਿਤੇ ਗਏ ਆਦੇਸ਼ਾਂ ਦੀ ਰੌਸ਼ਨੀ ਵਿਚ, ਭੋਂ ਮਾਲਕਾਂ ਦੀਆਂ ਭਾਵਨਾਵਾਂ ਤੇ ਪੇਂਡੂ ਰਹਿਣ ਸਹਿਣ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਪਿੰਡ ਦੇ ਲੋਕਾਂ ਦੇ ਉਜਾੜੇ ਨੂੰ ਘਟਾਉਣ ਦੇ ਉਦੇਸ਼ ਨਾਲ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ, ਪੰਜਾਬ ਰਾਜ ਵਿੱਚ ਸ਼ਹਿਰੀ ਵਿਕਾਸ ਅਥਾਰਟੀਆਂ ਵੱਲੋਂ ਵਿਕਸਤ ਕੀਤੀਆਂ ਜਾਣ ਵਾਲੀਆਂ ਸ਼ਹਿਰੀ ਮਿਲਖਾਂ ਵਾਸਤੇ ਕੀਤੀ ਜਾਂਦੀ ਭੋਂ ਪ੍ਰਾਪਤੀ ਵਿਚ ਪੈਂਦੇ ਘਰ, ਜਿਹੜੇ ਧਾਰਾ 4 ਦੀ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਬਣੇ ਹੋਣ, ਨੂੰ ਪਿੰਡ ਦੀ ਫਿਰਨੀ ਦੇ ਨੇੜੇ ਖਾਲੀ ਜਗ੍ਹਾ ਜਾਂ ਕਿਸੇ ਹੋਰ ਢੁੱਕਵੀਂ ਜਗ੍ਹਾ ਤੇ ਰੀਲੋਕੇਟ ਕਰਨ ਸਬੰਧੀ ਨਿਮਨਲਿਖਤ ਰੀਲੋਕੇਸ਼ਨ ਪਾਲਿਸੀ ਜਾਰੀ ਕਰਨ ਦੀ ਪ੍ਰਵਾਨਗੀ ਦਿੰਦੇ ਹਨ :-

ੳ. ਜਿਥੋਂ ਤੱਕ ਸੰਭਵ ਹੋਵੇ, ਪਿੰਡ ਦੀ ਫਿਰਨੀ ਦੇ ਨਾਲ ਬਿਲਕੁੱਲ ਸਟੇ ਹੋਏ ਘਰਾਂ ਨੂੰ ਭੋਂ ਪ੍ਰਾਪਤੀ ਦੀ ਪ੍ਰਕ੍ਰਿਆ ਤੋਂ ਬਾਹਰ ਰੱਖਿਆ ਜਾਵੇਗਾ। ਜੇਕਰ ਕਿਸੇ ਅਰਬਨ ਅਸਟੇਟ ਦੇ ਵਿਕਾਸ ਜਿਵੇਂ ਕਿ ਸੈਕਟਰ ਰੋਡ, ਸੀਵਰੇਜ ਲਾਈਨ, ਵਾਟਰ ਸਪਲਾਈ ਲਾਈਨ, ਬਿਜਲੀ ਦੀ ਲਾਈਨ ਆਦਿ ਵਾਸਤੇ ਇਹ ਭੋਂ ਪ੍ਰਾਪਤੀ ਕਰਨੀ ਅਹਿਮ ਹੋਵੇ ਤਾਂ ਇਹਨਾਂ ਘਰਾਂ ਨੂੰ ਪਹਿਲ ਦੇ ਅਧਾਰ ਤੇ ਉਸੇ ਪਿੰਡ ਦੀ ਫਿਰਨੀ ਦੇ ਨਾਲ ਖਾਲੀ ਜਗ੍ਹਾ ਜਾਂ ਪ੍ਰਾਪਤ ਕੀਤੀ ਭੋਂ ਵਿਚ ਕਿਸੇ ਹੋਰ ਢੁਕਵੀਂ ਜਗ੍ਹਾ ਦੇ ਵਿਚ ਰੀਲੋਕੇਟ ਕੀਤਾ ਜਾਵੇਗਾ।

ਅ. ਜਿਹੜੇ ਘਰ, ਪਿੰਡ ਦੀ ਅਬਾਦੀ ਤੋਂ ਦੂਰ ਖੇਤਾਂ ਵਿਚ ਬਣੇ ਹੁੰਦੇ ਹਨ, ਉਨਾਂ ਨੂੰ ਪੈਰਾ ਨੰਬਰ 'ੲ' ਵਿੱਚ ਦਰਸਾਏ ਮਾਪਦੰਡਾਂ ਅਨੁਸਾਰ ਪਿੰਡ ਦੀ ਫਿਰਨੀ ਦੇ ਨੇੜੇ ਖਾਲੀ ਜਗ੍ਹਾ ਜਾਂ ਪ੍ਰਾਪਤ ਕੀਤੀ ਭੌਂ ਵਿਚ ਕਿਸੇ ਹੋਰ ਢੁੱਕਵੀਂ ਜਗ੍ਹਾ ਤੇ ਰੀਲੋਕੇਟ ਕੀਤਾ ਜਾਵੇਗਾ।

ੲ.

| Sr. No. | GROUND COVERAGE OF RESIDENTIAL AREA (EXCLUDING ANIMAL SHED, TRACTOR SHED, ETC.) | | ASSUMING GROUND COVERAGE AS 65% OF THE PLOT AREA, ADDITIONAL 35% AREA TO BE GIVEN FOR PARKING & SETBACKS | RANGE OF ACTUAL AREA TO BE ALLOTTED (i.e. 65% + 35% = 100%) | ACTUAL SIZE OF PLOT TO BE ALLOTTED |
|---|---|---|---|---|---|
| | Sq.Ft | Sq.yds | Sq.yds | Sq.yds | Sq.yds |
| 1 | Upto 300 | Upto 33.33 | Upto 17.95 | Upto 51.28 | 50 |
| 2 | 301 to 625 | 33.44 to 69.44 | 18.01 to 37.39 | 51.45 to 106.84 | 100 |
| 3 | 626 to 775 | 69.56 to 86.11 | 37.45 to 46.37 | 107.01 to 132.48 | 125 |
| 4 | 776 to 1000 | 86.22 to 111.11 | 46.43 to 59.83 | 132.65 to 170.94 | 150 |
| 5 | 1001 to 1325 | 111.22 to 147.22 | 59.89 to 79.27 | 171.11 to 226.50 | 200 |
| 6 | 1326 to 1600 | 147.33 to 177.78 | 79.33 to 95.73 | 226.67 to 273.50 | 250 |
| 7 | 1601 to 1900 | 177.89 to 211.11 | 95.79 to 113.68 | 273.68 to 324.79 | 300 |
| 8 | 1901 to 2500 | 211.22 to 277.78 | 113.74 to 149.57 | 324.96 to 427.35 | 400 |
| 9 | 2501 and above | 277.89 and above | 149.63 and above | 427.52 and above | 500 |

ਇਹ ਪਾਲਿਸੀ ਹੇਠ ਲਿਖੀਆਂ ਸ਼ਰਤਾਂ ਤੇ ਲਾਗੂ ਹੋਵੇਗੀ:-

1. ਇਹ ਪਾਲਿਸੀ ਸਿਰਫ ਰਿਹਾਇਸ਼ੀ ਘਰਾਂ ਤੇ ਹੀ ਲਾਗੂ ਹੋਵੇਗੀ ਅਤੇ ਪਾਲਿਸੀ ਤਹਿਤ ਸਿਰਫ ਘਰਾਂ ਦੇ ਭੌਂ ਮਾਲਕਾਂ ਨੂੰ ਹੀ ਵਿਚਾਰਿਆ ਜਾਵੇਗਾ।
2. ਇਸ ਰੀਲੋਕੇਸ਼ਨ ਪਾਲਿਸੀ ਤਹਿਤ ਘਰਾਂ ਦੇ ਸਿਰਫ ਰਿਹਾਇਸ਼ੀ ਵਰਤੋਂ ਹੇਠ ਜਮੀਨੀ ਮੰਜਿਲ ਤੇ ਕੁੱਲ ਛੱਤੇ ਰਕਬੇ (Covered Area) ਵਿਰੁੱਧ ਹੀ ਬਣਦੇ ਰਕਬੇ ਦਾ ਪਲਾਟ ਦਿਤਾ ਜਾਵੇਗਾ। ਛੱਤੇ ਰਕਬੇ (Covered Area) ਵਿਚ ਅਨਛੱਤੇ ਰਕਬੇ ਦੀ ਬਾਊਂਡਰੀ ਦੀਵਾਰ ਅੰਦਰ ਆਉਂਦੀ ਖਾਲੀ ਜਗ੍ਹਾ, ਨੌਕਰਾਂ ਲਈ ਵਰਤੇ ਜਾਂਦੇ ਕਮਰੇ ਡੰਗਰਾਂ ਵਾਲੇ ਕੋਠੇ, ਖੇਤੀਬਾੜੀ ਦੇ ਸੰਦ ਸਮਾਨ ਜਿਵੇਂ ਕਿ ਟਰੈਕਟਰ ਆਦਿ ਦੇ ਕਮਰੇ, ਤੂੜੀ ਜਾਂ ਚਾਰੇ ਵਾਲੇ ਕੋਠੇ ਦਾ ਰਕਬਾ ਅਤੇ ਜਮੀਨੀ ਮੰਜਿਲ ਤੋਂ ਇਲਾਵਾ ਕਿਸੇ ਹੋਰ ਮੰਜਿਲ ਦਾ ਰਕਬਾ ਨਹੀਂ ਗਿਣਿਆ ਜਾਵੇਗਾ।
3. ਜੇਕਰ ਭੌਂ ਮਾਲਕ ਇਸ ਪਾਲਿਸੀ ਤਹਿਤ ਪਲਾਟ ਲੈਂਦਾ ਹੈ ਤਾਂ ਉਸ ਸੂਰਤ ਵਿਚ ਉਹ ਔਸਟੀ ਸ਼੍ਰੇਣੀ ਹੇਠ ਪਲਾਟ ਲੈਣ ਦਾ ਹੱਕਦਾਰ ਨਹੀਂ ਹੋਵੇਗਾ।
4. ਔਸਟੀ ਪਾਲਿਸੀ ਤਹਿਤ ਵੱਧ ਤੋਂ ਵੱਧ 500 ਵਰਗ ਗੱਜ ਦੇ ਪਲਾਟ ਦੀ ਅਲਾਟਮੈਂਟ ਕੀਤੀ ਜਾਂਦੀ ਹੈ, ਇਸ ਲਈ ਇਸ ਪਾਲਿਸੀ ਤਹਿਤ ਵੀ ਵੱਧ ਤੋਂ ਵੱਧ 500 ਵਰਗ ਗੱਜ ਦਾ ਪਲਾਟ ਰੀਲੋਕੇਟ ਕਰਕੇ ਦਿਤਾ ਜਾਵੇਗਾ ਅਤੇ ਵਾਧੂ ਰਕਬੇ ਦਾ ਅਵਾਰਡ ਅਨੁਸਾਰ ਮੁਆਵਜਾ ਹੀ ਅਦਾ ਕੀਤਾ ਜਾਵੇਗਾ।
5. ਇਸ ਪਾਲਿਸੀ ਤਹਿਤ ਇੱਕ ਭੌਂ ਮਾਲਕ ਨੂੰ ਇੱਕ ਪਲਾਟ ਹੀ ਦਿੱਤਾ ਜਾਵੇਗਾ। ਕੋਈ ਵੀ ਭੌਂ ਮਾਲਕ ਇੱਕ ਤੋਂ ਵੱਧ ਪਲਾਟ ਲੈਣ ਦਾ ਹੱਕਦਾਰ ਨਹੀਂ ਹੋਵੇਗਾ। ਭਾਵ ਇਹ ਕਿ ਇੱਕ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਭੌਂ ਵਿੱਚ ਜੇਕਰ ਕਿਸੇ ਇੱਕ ਭੌਂ ਮਾਲਕ ਦੇ ਇੱਕ ਤੋਂ ਵੱਧ ਘਰ ਪੈਂਦੇ ਹਨ ਤਾਂ ਉਹਨਾਂ ਸਾਰੇ ਘਰਾਂ ਦੇ ਛੱਤੇ ਰਕਬੇ ਨੂੰ ਜੋੜਨ ਉਪਰੰਤ ਕੁੱਲ ਰਕਬੇ ਵਿਰੁੱਧ ਪੈਰ੍ਹਾ ਨੰ: 'ੲ' ਵਿੱਚ ਦਰਸਾਏ ਮਾਪਦੰਡਾਂ ਅਨੁਸਾਰ ਸਿਰਫ ਇੱਕ ਪਲਾਟ ਹੀ ਅਲਾਟ ਕੀਤਾ ਜਾਵੇਗਾ। ਇਸ ਤੋਂ ਬਿਨਾਂ ਜੇਕਰ ਪ੍ਰਾਪਤ ਕੀਤੀ ਭੌਂ ਤੇ ਉਸਾਰੇ ਗਏ ਘਰ ਦੀ ਮਲਕੀਅਤ ਕਈ ਵਿਅਕਤੀਆਂ ਦੇ ਨਾਮ ਸਾਂਝੀ ਹੈ ਤਾਂ ਸਾਰੇ ਸਾਂਝੀਦਾਰਾਂ ਦੇ ਨਾਮ ਇਕੱਠਾ ਇੱਕ ਪਲਾਟ ਅਲਾਟ ਕੀਤਾ ਜਾਵੇਗਾ।
6. ਭੌਂ ਮਾਲਕ ਨੂੰ ਇਸ ਪਾਲਿਸੀ ਅਧੀਨ ਜਿਸ ਰਕਬੇ ਦੀ ਰੀਲੋਕੇਸ਼ਨ ਮਿਲਣੀ ਹੈ, ਉਸ ਤੋਂ ਬਾਅਦ ਉਸਦੇ ਘਰ ਦੇ ਬਾਕੀ ਬਚਦੇ ਰਕਬੇ ਦਾ ਉਸਨੂੰ ਅਵਾਰਡ ਅਨੁਸਾਰ ਮੁਆਵਜ਼ਾ ਅਦਾ ਕੀਤਾ ਜਾਵੇਗਾ।

7. ਇਸ ਸਕੀਮ ਅਧੀਨ ਰਿਹਾਇਸ਼ੀ ਪਲਾਟਾਂ ਦੀ ਯੋਜਨਾਬੰਦੀ 50, 100, 125, 150, 200, 250, 300, 400 ਅਤੇ 500 ਵਰਗ ਗਜ਼ ਵਿਚ ਹੋਵੇਗੀ। ਪਰ ਭੌਂ ਮਾਲਕ ਪੈਰਾ ਞ ਵਿੱਚ ਦਰਸਾਈ ਯੋਗਤਾ ਤੋਂ ਇਕ ਸਟੈਪ ਛੋਟਾ ਜਾਂ ਇਕ ਸਟੈਪ ਵੱਡਾ ਪਲਾਟ ਲੈਣ ਦੀ ਆਪਸ਼ਨ ਦੇ ਸਕਦਾ ਹੈ, ਜੋ ਕਿ ਸੰਬੰਧਤ ਅਥਾਰਟੀ ਵੱਲੋਂ ਉਸ ਸ਼ਾਈਜ਼ ਦੇ ਪਲਾਟਾਂ ਉਪਲਬਧ ਹੋਣ ਦੀ ਸੂਰਤ ਵਿਚ ਅਲਾਟ ਕਰਨ ਲਈ ਵਿਚਾਰਿਆ ਜਾਵੇਗਾ, ਪਰ ਭੌਂ ਮਾਲਕ ਵਧੇ ਰਕਬੇ ਦੀ ਕੀਮਤ ਸੰਬੰਧਤ ਸ਼ਹਿਰੀ ਮਿਲਖ ਦੀ ਉਸ ਸਮੇਂ ਦੀ ਅਲਾਟਮੈਂਟ ਕੀਮਤ ਤੇ ਅਦਾ ਕਰਨ ਦਾ ਪਾਬੰਦ ਹੋਵੇਗਾ। ਜੇਕਰ ਭੌ ਮਾਲਕ ਮਾਪਦੰਡ ਵਿਚ ਦਰਸਾਈ ਯੋਗਤਾ ਤੋਂ ਛੋਟੇ ਸਾਇਜ਼ ਦਾ ਪਲਾਟ ਲੈਂਦਾ ਹੈ ਤਾਂ ਉਸ ਨੂੰ ਪਲਾਟਾਂ ਦੇ ਸਾਈਜ਼ ਵਿਚ ਅੰਤਰ ਜਗ੍ਹਾ ਦੀ ਕੀਮਤ ਵੀ ਸਬੰਧਤ ਸ਼ਹਿਰੀਂ ਮਿਲਖ ਦੀ ਉਸ ਸਮੇਂ ਦੀ ਅਲਾਟਮੈਂਟ ਕੀਮਤ ਤੇ ਅਦਾ ਕੀਤੀ ਜਾਵੇਗੀ। ਉਦਾਹਰਣ ਦੇ ਤੌਰ ਤੇ, ਜਿਵੇਂ ਕੀ ਕੋਈ ਭੌ ਮਾਲਕ 250 ਵਰਗ ਗਜ਼ ਪਲਾਟ ਲੈਣ ਲਈ ਯੋਗ ਹੈ, ਪਰ ਉਹ 200 ਵਰਗ ਗਜ਼ ਦਾ ਪਲਾਟ ਲੈਂਦਾ ਹੈ ਤਾਂ ਉਸਨੂੰ 50 ਵਰਗ ਗਜ਼ ਰਕਬੇ ਦੀ ਕੀਮਤ ਅਲਾਟਮੈਂਟ ਕੀਮਤ ਤੇ ਅਦਾ ਕਰ ਦਿਤੀ ਜਾਵੇਗੀ।

8. ਜਿਸ ਭੌ ਮਾਲਕ ਦਾ ਛੱਡਿਆ ਰਕਬਾ 50 ਵਰਗ ਗਜ਼ ਦੇ ਰਕਬੇ ਤੋਂ ਘੱਟ ਹੋਵੇਗਾ, ਅਤੇ ਉਹ ਭੌ ਮਾਲਕ 50 ਵਰਗ ਗਜ਼ ਦ ਪਲਾਟ ਲੈਂਦਾ ਹੈ ਤਾਂ ਉਸ ਨੂੰ 50 ਵਰਗ ਗਜ਼ ਦਾ ਪਲਾਟ ਵਾਧੂ ਰਕਬੇ ਦੀ ਕੋਈ ਕੀਮਤ ਚਾਰਜ਼ ਕੀਤੇ ਬਗੈਰ ਅਲਾਟ ਕੀਤਾ ਜਾਵੇਗਾ, ਪਰ ਜੇਕਰ ਉਹ ਭੌ ਮਾਲਕ ਆਪਣੀ ਯੋਗਤਾ ਤੋਂ ਇਕ ਸਟੈਪ ਵੱਡਾ ਪਲਾਟ ਯਾਨਿ ਕਿ 100 ਵਰਗ ਗਜ਼ ਦਾ ਪਲਾਟ ਲੈਣਾ ਚਾਹੁੰਦਾ ਹੈ ਤਾਂ ਉਸਨੂੰ ਵੱਡੇ ਪਲਾਟ ਦੇ ਸਾਈਜ਼ ਅਤੇ ਉਸਦੀ ਯੋਗਤਾ ਦੇ ਪਲਾਟ ਦੇ ਸਾਈਜ਼ ਵਿਚ ਅੰਤਰ ਜਗ੍ਹਾ ਦੀ ਕੀਮਤ ਸੰਬੰਧਤ ਸ਼ਹਿਰੀ ਮਿਲਖ ਦੀ ਅਲਾਟਮੈਂਟ ਕੀਮਤ ਦੇ ਹਿਸਾਬ ਨਾਲ ਅਦਾ ਕਰਨੀ ਪਵੇਗੀ। ਉਦਾਹਰਣ ਦੇ ਤੌਰ ਤੇ, ਜਿਵੇਂ ਕਿਸੇ ਭੌ ਮਾਲਕ ਦੀ ਯੋਗਤਾ 40 ਵਰਗ ਗਜ਼ ਬਣਦੀ ਹੈ ਤਾਂ ਉਸ ਨੂੰ 50 ਵਰਗ ਗਜ਼ ਦਾ ਪਲਾਟ ਬਿਨਾ ਕੋਈ ਕੀਮਤ ਲਏ ਅਲਾਟ ਕਰ ਦਿੱਤਾ ਜਾਵੇਗਾ, ਪਰ ਜੇਕਰ ਉਹ ਭੌ ਮਾਲਕ 100 ਵਰਗ ਗਜ਼ ਦਾ ਪਲਾਟ ਲੈਣ ਦੀ ਆਪਸ਼ਨ ਦਿੰਦਾ ਹੈ ਤਾਂ ਉਹ 100 - 40 = 60 ਵਰਗ ਗਜ਼ ਜਗ੍ਹਾ ਦੀ ਅਲਾਟਮੈਂਟ ਕੀਮਤ ਅਦਾ ਕਰੇਗਾ।

9. ਰੀਲੋਕੇਸ਼ਨ ਪਾਲਿਸੀ ਤਹਿਤ ਬਦਲਵਾਂ ਪਲਾਟ ਲੈਣ ਦੀ ਸੂਰਤ ਵਿਚ ਭੌ ਮਾਲਕ ਆਪਣੇ ਮਕਾਨ ਦੀ ਉਸਾਰੀ ਪੁੱਡਾ ਬਿਲਡਿੰਗ ਰੂਲਾਂ ਅਨੁਸਾਰ ਸੰਬੰਧਤ ਅਥਾਰਟੀ ਦੇ ਮਿਲਖ ਅਫਸਰ ਤੋਂ ਬਿਲਡਿੰਗ ਪਲੈਨ ਪਾਸ ਕਰਵਾਉਣ ਉਪਰੰਤ ਕਰਨ ਅਤੇ ਉਸਾਰੀ ਮੁਕੰਮਲ

ਕਰਨ ਉਪਰੰਤ ਸਮਰੱਥ ਅਧਿਕਾਰੀ ਤੋਂ ਆਕੂਪੇਸ਼ਨ/ਕੰਪਲੀਸ਼ਨ ਸਰਟੀਫਿਕੇਟ ਲੈਣ ਦਾ ਪਾਬੰਦ ਹੋਵੇਗਾ।

10. ਇਸ ਰੀਲੋਕੇਸ਼ਨ ਪਾਲਿਸੀ ਤਹਿਤ ਭੌਂ ਮਾਲਕ ਨੂੰ ਅਲਾਟ ਕੀਤੇ ਪਲਾਟ ਉੱਪਰ ਉਸਾਰੀ ਕਰਨ ਅਤੇ ਰਿਹਾਇਸ਼ ਕਰਨ ਲਈ ਅਲਾਟਮੈਂਟ ਦੀ ਮਿਤੀ ਤੋਂ ੧ ਮਹੀਨੇ ਦਾ ਸਮਾਂ ਦਿਤਾ ਜਾਵੇਗਾ। ਇਸ ਤਰ੍ਹਾਂ ਭੌਂ ਮਾਲਕ ਐਕਆਇਰ ਕੀਤੇ ਗਏ ਉਸਦੇ ਘਰ ਦਾ ਕਬਜਾ ਸੰਬੰਧਤ ਅਥਾਰਟੀ ਨੂੰ ਅਲਾਟਮੈਂਟ ਦੀ ਮਿਤੀ ਤੋਂ ੧ ਮਹੀਨੇ ਦੀ ਮਿਆਦ ਗੁਜਰਨ ਦੇ ਅਗਲੇ ਦਿਨ ਦੇਣ ਦਾ ਪਾਬੰਦ ਹੋਵੇਗਾ। ਜੇਕਰ ਕੋਈ ਭੌਂ ਮਾਲਕ ਆਪਣੇ ਐਕਆਇਰ ਹੋਏ ਘਰ ਦਾ ਕਬਜਾ ੧ ਮਹੀਨੇ ਤੋਂ ਪਹਿਲਾਂ ਸੌਂਪ ਦਿੰਦਾ ਹੈ ਤਾਂ ਸੰਬੰਧਤ ਅਥਾਰਟੀ ਉਸਨੂੰ ੧ ਮਹੀਨੇ ਤੋਂ ਪਹਿਲਾਂ ਬਾਕੀ ਬਚਦੇ ਸਮੇਂ ਦਾ ਕਿਰਾਇਆ ਪੀ ਡਬਲਿਊ ਡੀ (ਬੀ ਐਂਡ ਆਰ) ਵਿਭਾਗ ਵੱਲੋਂ ਕੀਤੀ ਗਈ ਅਸੈਸਮੈਂਟ ਦੇ ਆਧਾਰ ਤੇ ਅਦਾ ਕਰੇਗੀ। ਪਰੰਤੂ ਕਿਸੇ ਵੀ ਹਾਲਤ ਵਿਚ ਭੌਂ ਮਾਲਕ ਨੂੰ ੧ ਮਹੀਨੇ ਤੋਂ ਵੱਧ ਸਮਾਂ ਨਹੀਂ ਦਿਤਾ ਜਾਵੇਗਾ।

11. ਇਹ ਰੀਲੋਕੇਸ਼ਨ ਪਾਲਿਸੀ, ਸ਼ਹਿਰੀ ਵਿਕਾਸ ਅਥਾਰਟੀਆਂ ਵੱਲੋਂ ਸ਼ਹਿਰੀ ਮਿਲਖ ਦੀ ਸਥਾਪਨਾ ਵਾਸਤੇ ਭਵਿੱਖ ਵਿਚ ਕੀਤੀਆਂ ਜਾਣ ਵਾਲੀਆਂ ਸਾਰੀਆਂ ਭੌਂ ਪ੍ਰਾਪਤੀਆਂ ਤੇ ਲਾਗੂ ਹੋਵੇਗੀ। ਇਸ ਤੋਂ ਬਿਨ੍ਹਾਂ ਇਹ ਰੀਲੋਕੇਸ਼ਨ ਪਾਲਿਸੀ ਗਮਾਡਾ ਦੇ ਪ੍ਰੋਜੈਕਟਾਂ ਆਈ.ਟੀ.ਸਿਟੀ, ਈਕੋਸਿਟੀ ਅਤੇ ਮੈਡੀਸਿਟੀ ਤੇ ਵੀ ਲਾਗੂ ਹੋਵੇਗੀ। ਇਨ੍ਹਾਂ ਭੌਂ ਪ੍ਰਾਪਤੀਆਂ ਵਿੱਚ ਪੈਂਦੇ ਘਰਾਂ ਵਿਰੁੱਧ ਰੀਲੋਕੇਸ਼ਨ ਭੌਂ ਪ੍ਰਾਪਤੀ ਕੁਲੈਕਟਰ ਦੇ ਦਫਤਰ ਵੱਲੋਂ ਕੀਤੇ ਸਰਵੇ/ ਟੈਕਨੀਕਲ ਵਿਭਾਗ ਦੀ ਅਸੈਸਮੈਂਟ ਜਾਂ Digital Photography ਦੇ ਅਧਾਰ ਤੇ ਕੀਤੀ ਜਾਵੇਗੀ।

12. ਲਾਭ ਪਾਤਰ ਆਪਣੀ ਰਿਹਾਇਸ਼ ਅਤੇ ਮਾਲਕੀ ਸਾਬਤ ਕਰਨ ਲਈ ਦਸਤਾਵੇਜ਼ ਪੇਸ਼ ਕਰੇਗਾ।

13. ਭੌਂ ਪ੍ਰਾਪਤੀ ਕੁਲੈਕਟਰ Social Impact Assessment ਵੇਲੇ ਭੌਂ ਵਿੱਚ ਪੈਂਦੇ ਹਰੇਕ ਘਰ ਦੀ Digital Photography (ਮਿਤੀ ਅਤੇ ਸਮੇਂ ਸਮੇਤ) ਕਰਵਾ ਕੇ ਰੱਖੇਗਾ ਤਾਂ ਜੋ ਸਕੀਮ ਦੀ ਦੁਰਵਰਤੋਂ ਨਾ ਹੋਵੇ।

ਮਿਤੀ: 12-2-14

ਏ ਵੇਨੂੰ ਪ੍ਰਸਾਦ
ਸਕੱਤਰ, ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

ਪਿੱਠ ਅੰਕਣ ਨੰ: 10/7/2014-6ਮਉ1/ ਮਿਤੀ; ਚੰਡੀਗੜ੍ਹ;

ਉਪਰੋਕਤ ਦਾ ਉਤਾਰਾ ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਅਧਾਰਣ (Extra Ordinary) ਗਜਟ ਵਿੱਚ ਛਾਪਿਆ ਜਾਵੇ। ਛਪਣ ਉਪਰੰਤ ਇਸ ਨੋਟੀਫਿਕੇਸ਼ਨ ਦੀਆਂ 500 ਕਾਪੀਆਂ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸਕੱਤਰ

ਪਿੱਠ ਅੰਕਣ ਨੰ: 10/7/2014/6ਮਉ1/16334/315 ਮਿਤੀ:-18/9/14

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮੁੱਖ ਪ੍ਰਸ਼ਾਸਕ ਪੁੱਡਾ ਐਸ.ਏ.ਐਸ. ਨਗਰ, ਗਮਾਡਾ ਐਸ.ਏ.ਐਸ. ਨਗਰ, ਗਲਾਡਾ, ਲੁਧਿਆਣਾ, ਏ.ਡੀ.ਏ. ਅੰਮ੍ਰਿਤਸਰ, ਬੀ.ਡੀ.ਏ. ਬਠਿੰਡਾ, ਜੇ.ਡੀ.ਏ. ਜਲੰਧਰ, ਪੀ.ਡੀ.ਏ, ਪਟਿਆਲਾ।

2. ਭੋਂ ਪ੍ਰਾਪਤੀ ਕੁਲੈਕਟਰ, ਗਮਾਡਾ ਐਸ.ਏ.ਐਸ. ਨਗਰ, ਗਲਾਡਾ, ਲੁਧਿਆਣਾ, ਏ.ਡੀ.ਏ. ਅੰਮ੍ਰਿਤਸਰ, ਬੀ.ਡੀ.ਏ. ਬਠਿੰਡਾ, ਜੇ.ਡੀ.ਏ. ਜਲੰਧਰ, ਪੀ.ਡੀ.ਏ, ਪਟਿਆਲਾ।

3. ਡਾਇਰੈਕਟਰ, ਨਗਰ ਤੇ ਗ੍ਰਾਮ ਯੋਜਨਾਬੰਦੀ ਵਿਭਾਗ ਪੁੱਡਾ ਭਵਨ ਐਸ.ਏ.ਐਸ ਨਗਰ।

4. IWDMS Cell, ਕਮਰਾ ਨੰ: 8, 7ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ।

5. ਡਾਇਰੈਕਟਰ, ਇਨਫਾਰਮੇਸ਼ਨ ਟੈਕਨਾਲੋਜੀ, ਪੰਜਾਬ, ਚੰਡੀਗੜ੍ਹ।

ਸੁਪਰਡੰਟ